# 7 ਮਾਂ-ਬੋਲੀ ਪੰਜਾਬੀ

ਇਸ ਕਵਿਤਾ ਵਿੱਚ ਪੰਜਾਬ ਦੀ ਬੋਲੀ ਪੰਜਾਬੀ ਦਾ ਜ਼ਿਕਰ ਕੀਤਾ ਗਿਆ ਹੈ।ਪੰਜਾਬੀ ਜਨਮ ਤੋਂ ਲੈ ਕੇ ਮਰਨ ਤੱਕ ਪੰਜਾਬੀਆਂ ਦਾ ਸਾਥ ਨਿਭਾਉਂਦੀ ਹੈ।



ਮਾਂ–ਬੋਲੀ ਪੰਜਾਬੀ ਮੇਰੀ,
ਇਸ ਦੇ ਸਦਕੇ ਜਾਵਾਂ।
ਇਸ ਦੇ ਸੁੰਦਰ ਸ਼ਬਦਾਂ ਨੂੰ ਹੀ,
ਜੀਵਨ ਵਿੱਚ ਅਪਨਾਵਾਂ।

ਏਸੇ ਵਿੱਚ ਹੀ ਹੱਸਾਂ ਖੇਡਾਂ,
ਇਸ ਵਿੱਚ ਗੀਤ ਮੈਂ ਗਾਵਾਂ।
ਇਸ ਦੇ ਵਿੱਚ ਹੀ ਕਰਾਂ ਪੜ੍ਹਾਈ,
ਨਾਂ ਆਪਣਾ ਚਮਕਾਵਾਂ।

ਏਸੇ ਵਿੱਚ ਮਾਂ ਦੇਵੇ ਲੋਰੀ,
ਦਾਦੀ ਕਹੇ ਕਹਾਣੀ।
ਆਪਸ ਦੇ ਵਿੱਚ ਬਾਤਾਂ ਪਾਈਏ,
ਇੱਕ ਰਾਜਾ ਇੱਕ ਰਾਣੀ।

ਏਸੇ ਦੇ ਵਿੱਚ ਪੜ੍ਹ ਕੇ ਕਵਿਤਾ,
ਕਈ ਇਨਾਮ ਮੈਂ ਪਾਵਾਂ।
ਗਿੱਧੇ ਭੰਗੜੇ ਪਾ ਕੇ ਬੋਲੀ,
ਹਵਾ 'ਚ ਉੱਡੀ ਜਾਵਾਂ।

ਏਸੇ ਦੇ ਵਿੱਚ ਸਾਡੇ ਗੁਰੂਆਂ,
ਰਚੀ ਸੀ ਰੱਬੀ ਬਾਣੀ।
ਸ਼ਹਿਦ ਨਾਲ਼ੋਂ ਇਹ ਮਿੱਠੀ ਬੋਲੀ,
ਸਭ ਦੇ ਮਨ ਨੂੰ ਭਾਉਣੀ।

ਹੋਰ ਬੋਲੀਆਂ ਬੋਲਾਂ ਪਰ,
ਨਾ ਇਸ ਨੂੰ ਦਿਲੋਂ ਭੁਲਾਵਾਂ।
ਦੇਸ਼-ਵਿਦੇਸਾਂ 'ਚ ਜਾ ਕੇ ਮੈਂ,
ਇਸ ਦਾ ਹੀ ਨਾਂ ਚਮਕਾਵਾਂ।



## ਔਖੇ ਸ਼ਬਦਾਂ ਦੇ ਅਰਥ

| ਸ਼ਬਦ | ਅਰਥ | ਸ਼ਬਦ | ਅਰਥ |
|---|---|---|---|
| 1) ਅਪਨਾਵਾਂ | ਧਾਰਨ ਕਰਾਂ | 4) ਮਨ ਨੂੰ ਭਾਉਣੀ | ਮਨ ਨੂੰ ਚੰਗੀ ਲੱਗਣ ਵਾਲੀ |
| 2) ਨਾਂ ਚਮਕਾਉਣਾ | ਪ੍ਰਸਿੱਧੀ ਕਰਨੀ | 5) ਬੋਲੀਆਂ | ਭਾਸ਼ਾਵਾਂ |
| 3) ਹਵਾ 'ਚ ਉੱਡਣਾ | ਖ਼ੁਸ਼ ਹੋਣਾ | | |

## ਅਭਿਆਸ

### ਮੌਖਿਕ

**ਯਾਦ ਰੱਖਣ ਲਈ ਜ਼ਰੂਰੀ ਗੱਲਾਂ**

1. ਪੰਜਾਬੀ, ਪੰਜਾਬ ਦੀ ਰਾਜ ਭਾਸ਼ਾ ਹੈ ।
2. ਪੰਜਾਬੀ, ਪੰਜਾਬੀਆਂ ਦੀ ਮਾਤ-ਭਾਸ਼ਾ ਹੈ ।



Last page -2

## ਬਹੁ-ਵਿਕਲਪੀ ਪ੍ਰਸ਼ਨ

**ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਹੇਠਾਂ ਦਿੱਤੇ ਖਾਨਿਆਂ ਵਿੱਚ ਟਿੱਕ (✓) ਕਰੋ—**

(ੳ) ਪੰਜਾਬੀ ਦੇ ਸ਼ਬਦ ਕਿਹੋ ਜਿਹੇ ਹਨ ?

ਭੈੜ ☐ ਗੰਦੇ ☐ ਸੁੰਦਰ ☑

(ਅ) ਪੰਜਾਬੀ ਵਿੱਚ ਮਾਂ ਕੀ ਦੇ ਕੇ ਸੁਆਉਂਦੀ ਹੈ ?

ਲੋਰੀ ☑ ਬਾਤਾਂ ☐ ਗੀਤ ☐

(ੲ) ਕਿਨ੍ਹਾਂ ਨੇ ਰੱਬੀ ਬਾਣੀ ਦੀ ਰਚਨਾ ਕੀਤੀ ?

ਉਸਤਾਦਾਂ ਨੇ ☐ ਗੁਰੂਆਂ ਨੇ ☑ ਅਧਿਆਪਕਾਂ ਨੇ

(ਸ) ਦਾਦੀ ਮੈਨੂੰ ਕਿਹੜੀ ਭਾਸ਼ਾ ਵਿੱਚ ਕਹਾਣੀ ਸੁਣਾਉਂਦੀ ਹੈ ?

ਅੰਗਰੇਜ਼ੀ ਵਿੱਚ ☐ ਪੰਜਾਬੀ ਵਿੱਚ ☑ ਹਿੰਦੀ ਵਿੱਚ

## ਲਿਖਤੀ

**1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ—**

(ੳ) ਪੰਜਾਬੀ ਭਾਸ਼ਾ ਕਿੱਥੋਂ ਦੀ ਭਾਸ਼ਾ ਹੈ ?

→ ਪੰਜਾਬੀ ਭਾਸ਼ਾ, ਪੰਜਾਬ ਦੀ ਰਾਜ-ਭਾਸ਼ਾ ਹੈ।

(ਅ) ਪੰਜਾਬੀ ਭਾਸ਼ਾ ਵਿੱਚ ਅਸੀਂ ਕੀ-ਕੀ ਕਰਦੇ ਹਾਂ ?

→ ਹੱਸਦੇ, ਖੇਡਦੇ, ਗੀਤ ਗਾਉਂਦੇ, ਲੋਰੀਆਂ ਸੁਣਦੇ ਅਤੇ ਪੜ੍ਹਦੇ ਹਾਂ।

(ੲ) ਬੋਲੀਆਂ ਕਿੱਥੇ ਪਾਈਆਂ ਜਾਂਦੀਆਂ ਹਨ ?

→ ਗਿੱਧੇ ਅਤੇ ਭੰਗੜੇ ਵਿੱਚ।

(ਸ) ਪੰਜਾਬੀ ਬੋਲੀ ਕਿਸ ਵਰਗੀ ਮਿੱਠੀ ਹੈ ?

→ ਸ਼ਹਿਦ ਵਰਗੀ।

2. ਸਾਹਮਣੇ ਦਿੱਤੇ ਸ਼ਬਦਾਂ ਵਿੱਚੋਂ ਠੀਕ ਸ਼ਬਦ ਚੁਣੋ ਤੇ ਖ਼ਾਲੀ ਥਾਂ ਭਰੋ—

(ੳ) ਪੰਜਾਬੀ ਸਾਡੀ ___ਮਾਂ___ ਬੋਲੀ ਹੈ। (ਪਿਤਾ/ਮਾਂ)

(ਅ) ਕਵਿਤਾ ਪੜ੍ਹ ਕੇ ਮੈਂ ___ਇਨਾਮ___ ਪਾਉਂਦਾ ਹਾਂ। (ਇਨਾਮ/ਫਿਟਕਾਰ)

(ੲ) ਗਿੱਧੇ ਭੰਗੜੇ ਵਿੱਚ ___ਬੋਲੀਆਂ___ ਪੈਂਦੀਆਂ ਹਨ। (ਬੋਲੀਆਂ/ਘੋੜੀਆਂ)

(ਸ) ਦਾਦੀ ___ਰਾਜਾ-ਰਾਣੀ___ ਦੀ ਕਹਾਣੀ ਸੁਣਾਉਂਦੀ ਹੈ। (ਭੂਤਾਂ/ਰਾਜਾ-ਰਾਣੀ)

3. ਹੇਠਾਂ ਦਿੱਤੇ ਸ਼ਬਦਾਂ ਨੂੰ ਸਾਹਮਣੇ ਦਿੱਤੇ ਅੱਖਰਾਂ ਨਾਲ ਮੇਲੋ—

| | |
|---|---|
| 1) ਸੁੰਦਰ | ਭਾਸ਼ਾਵਾਂ (4) |
| 2) ਬਾਤਾਂ | ਅਧਿਆਪਕ (3) |
| 3) ਗੁਰੂ | ਖ਼ੁਸ਼ ਹੋਣਾ (5) |
| 4) ਬੋਲੀਆਂ | ਕਹਾਣੀਆਂ (2) |
| 5) ਹਵਾ ਵਿੱਚ ਉੱਡਣਾ | ਸੁਹਣਾ (1) |



4. ਹੇਠਾਂ ਦਿੱਤੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ—

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਮਾਂ | माँ | Mother |
| ਸ਼ਬਦ | शब्द | word |
| ਦਾਦੀ | दादी | Grand mother |
| ਕਹਾਣੀ | कहानी | story |
| ਗੀਤ | गीत | song |




## ਵਿਆਕਰਨ

1. ਹੇਠਾਂ ਦਿਤੇ ਸ਼ਬਦਾਂ ਨੂੰ ਸਮਝੋ ਤੇ ਕਰੋ—

1) ਬੋਲੀ – ਬੋਲੀਆਂ

2) ਸ਼ਬਦ – ਸ਼ਬਦਾਂ

3) ਗੀਤ – ਗੀਤਾਂ



4) ਬਾਤ - ਬਾਤਾਂ
5) ਕਹਾਣੀ - ਕਹਾਣੀਆਂ
6) ਰਾਣੀ - ਰਾਣੀਆਂ

ਨੋਟ : ਪਿਆਰੇ ਬੱਚਿਓ ਉਪਰੋਕਤ ਸ਼ਬਦਾਂ ਨੂੰ ਵਚਨ ਬਦਲੋ ਆਖਦੇ ਹਨ। ਇੱਕ ਅਤੇ ਇੱਕ ਤੋਂ ਜ਼ਿਆ
ਚੀਜ਼ਾਂ ਦੇ ਭੇਤ ਨੂੰ ਵਚਨ ਆਖਦੇ ਹਨ ।

## ਰਚਨਾਤਮਕ ਗਤੀਵਿਧੀਆਂ

1. ਪੰਜਾਬੀ ਭਾਸ਼ਾ ਦੀ ਲਿਪੀ ਦਾ ਨਾਂ ਗੁਰਮੁਖੀ ਹੈ । ਇਸ ਦੇ ਸਾਰੇ ਅੱਖਰਾਂ ਨੂੰ ਤਰਤੀਬ ਵਿੱਚ ਆਪ
ਪੁਸਤਕ ਕਾਪੀ ਵਿੱਚ ਲਿਖੋ ।

2. ਇਸ ਕਵਿਤਾ ਦੀਆਂ ਕੋਈ ਚਾਰ ਲਾਈਨਾਂ ਲਿਖੋ ।

ਏਸੇ ਵਿੱਚ ਸਾਡੇ ਗੁਰੂਆਂ,
ਰਚੀ ਸੀ ਰੱਬੀ ਬਾਣੀ।
ਸ਼ਹਿਦ ਨਾਲ਼ੋਂ ਇਹ ਮਿੱਠੀ ਬੋਲੀ,
ਸਭ ਦੇ ਮਨ ਨੂੰ ਭਾਉਣੀ ।

### ਯੋਗਤਾ ਪਰਖ

ਹੇਠਾਂ ਦਿੱਤੇ ਚਿੱਤਰਾਂ ਨੂੰ ਦੇਖੋ ਤੇ ਦੱਸੋ ਇਹ ਕੀ ਕਰ ਰਹੇ ਹਨ ?



1) ਬੱਚੇ ਢੋਲ 'ਤੇ ਨੱਚਦੇ ਹਨ।



2) ਦਾਦੀ ਕਹਾਣੀ ਸੁਣਾਉਂਦੇ ਹਨ।



3) ਔਰਤਾਂ ਨੱਚਦੀਆਂ ਹਨ ।

## ਅਧਿਆਪਕਾਂ ਲਈ

ਅਧਿਆਪਕ ਵਿਦਿਆਰਥੀਆਂ ਨੂੰ ਦੱਸਣ ਕਿ ਪੰਜਾਬੀ ਭਾਸ਼ਾ ਬੜੀ ਮਿੱਠੀ ਭਾਸ਼ਾ ਹੈ। ਇਸ ਨੂੰ ਬੋਲਣ ਲੱ
ਸੰਗਣਾ ਨਹੀਂ ਚਾਹੀਦਾ। ਹਰੇਕ ਨਾਲ ਵੱਧ ਤੋਂ ਵੱਧ ਪੰਜਾਬੀ ਵਿੱਚ ਗੱਲ ਕਰਨ ਦੀ ਕੋਸ਼ਸ਼ ਕਰੋ ।